# ਜਾ ਕੀ ਸੇਵਾ ਦਸ ਅਸਟ ਸਿਧਾਈ

**ਆਸਾ ਮਹਲਾ ੫ ॥**

ਇਹ ਸ਼ਬਦ, ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦਾ, ਆਸਾ ਰਾਗ ਵਿਚ ਉਚਾਰਣ ਕੀਤਾ ਹੋਇਆ ਹੈ ਅਤੇ ਪੰਨਾ ੩੯੦ ਤੇ ਸੁਭਾਇਮਾਨ ਹੈ।

**ਠਾਕੁਰ ਸਿਉ ਜਾ ਕੀ ਬਨਿ ਆਈ ॥**

**ਭੋਜਨ ਪੂਰਨ ਰਹੇ ਅਘਾਈ ॥੧॥**

-- ਜਿਨ੍ਹਾਂ ਭਗਤਾਂ ਦੀ ਮਾਲਕ ਪ੍ਰਭੂ ਨਾਲ ਪ੍ਰੀਤੀ ਬਣ ਆਈ ਹੈ

-- ਉਹ ਪੂਰਾ ਨਾਮ ਰੂਪੀ ਭੋਜਨ ਛਕ ਕੇ ਤ੍ਰਿਪਤ ਹੋ ਚੁਕੇ ਹੁੰਦੇ ਹਨ, ਰਜ ਗਏ ਹੁੰਦੇ ਹਨ।੧।

ਭਾਵ, ਉਨ੍ਹਾਂ ਭਗਤਾਂ ਕੋਲ ਪਰਮੇਸ਼ਰ ਦੇ ਨਾਮ ਦਾ ਇਤਨਾ ਵਡਾ ਖ਼ਜ਼ਾਨਾ ਜਮਾਂ ਹੋ ਗਿਆ ਹੁੰਦਾ ਹੈ ਕਿ ਘਾਟ ਵਾਧ ਦੀ ਗੁੰਜਾਇਸ਼ ਹੀ ਨਹੀਂ ਰਹਿੰਦੀ। ਪਾਤਸ਼ਾਹ ਸਪੱਸ਼ਟ ਕਰਦੇ ਹਨ ਕਿ ਉਨ੍ਹਾਂ ਦਾ ਮਨ, ਲੋਕ ਪਰਲੋਕ ਦੇ ਪਦਾਰਥਾਂ ਵਲੋਂ ਤ੍ਰਿਪਤ ਹੋ ਗਿਆ ਹੁੰਦਾ ਹੈ ਅਤੇ ਜੰਮਣ ਮਰਣ ਆਦਿ ਦੇ ਜੰਜਾਲ, ਬੰਧਨ ਵੀ ਨਾਸ ਹੋ ਗਏ ਹੁੰਦੇ ਹਨ - 'ਮਨੁ ਤ੍ਰਿਪਤਾਨੋ ਮਿਟੇ ਜੰਜਾਲ।। ਪ੍ਰਭੁ ਅਪੁਨਾ ਹੋਇਆ ਕਿਰਪਾਲ।।', ਪੰਨਾ ੩੯੦. ਪਾਤਸ਼ਾਹ ਦੇ ਬਚਨ ਹਨ ਕਿ ਜਿਸ ਨੂੰ ਮਾਲਕ ਪ੍ਰਭੂ ਦਾਤ ਬਖ਼ਸ਼ਦਾ ਹੈ, ਉਸ ਦੇ ਹਿਰਦੇ ਵਿਚਲੀ ਤ੍ਰਿਸ਼ਨਾ ਦੀ ਜਲਨ ਬੁਝ ਜਾਂਦੀ ਹੈ, ਇਧਰ ਉਧਰ ਦੀ ਭਟਕਣਾ ਮੁਕ ਜਾਂਦੀ ਹੈ ਅਤੇ ਮਨ ਸਹਿਜ ਅਵਸਥਾ ਵਿਚ ਅਪੜ ਜਾਂਦਾ ਹੈ। ਤਾਂ ਨਾਮ ਦਾ ਖ਼ਜ਼ਾਨਾ ਪ੍ਰਾਪਤ ਹੋ ਜਾਂਦਾ ਹੈ - 'ਠਾਕੁਰ ਅਪੁਨੈ ਕੀਨੀ ਦਾਤਿ।। ਜਲਨਿ ਬੁਝੀ ਮਨਿ ਹੋਈ ਸਾਂਤਿ।। ਮਿਟ ਗਈ ਭਾਲ ਮਨੁ ਸਹਜਿ ਸਮਾਨਾ।। ਨਾਨਕ ਪਾਇਆ ਨਾਮ ਖਜਾਨਾ।।', ਪੰਨਾ ੩੯੯.

**ਕਛੂ ਨ ਥੋਰਾ ਹਰਿ ਭਗਤਨ ਕਉ ॥**

**ਖਾਤ ਖਰਚਤ ਬਿਲਛਤ ਦੇਵਨ ਕਉ ॥੧॥ ਰਹਾਉ ॥**

-- ਅਜਿਹੇ ਹਰੀ ਪ੍ਰਭੂ ਦੇ ਭਗਤਾਂ ਦੇ ਖ਼ਜ਼ਾਨੇ ਵਿਚ ਨਾਮ ਅਤੇ ਹੋਰ ਵੀ ਕਿਸੇ ਸ਼ੈਅ ਦਾ ਤੋਟਾ ਨਹੀਂ ਹੁੰਦਾ।

-- ਭਗਤ, ਜਿਤਨਾ ਮਰਜ਼ੀ ਵਰਤਦੇ ਵੀ ਰਹਿਣ, ਖਰਚਦੇ ਵੀ ਰਹਿਣ, ਅਨੰਦ ਮਾਣਦੇ ਰਹਿਣ, ਵੰਡਦੇ ਵੀ ਰਹਿਣ।੧।ਰਹਾਉ।

ਅਨੇਕ ਭਗਤ ਜਨਾਂ ਨੇ 'ਹਰਿ ਹਰਿ...' ਭਾਵ, **ਵਾਹਗੁਰੂ ਵਾਹਗੁਰੂ...** ਨਾਮ

ਜਪ ਕੇ ਇਤਨਾ ਨਾਮ ਧਨ ਇਕੱਠਾ ਕਰ ਲਿਆ ਹੁੰਦਾ ਹੈ ਕਿ ਉਸ ਦੀ ਕੋਈ ਗਿਣਤੀ ਮਿਣਤੀ ਹੀ ਨਹੀਂ ਹੋ ਸਕਦੀ, ਫ਼ਿਰ ਭਾਵੇਂ ਉਹ ਇਸ ਧਨ ਨੂੰ ਜਿਤਨਾ ਮਰਜ਼ੀ ਛਕਦੇ, ਖਰਚਦੇ, ਅਨੰਦ ਮਾਣਦੇ ਰਹਿਣ, ਨਾਮ ਧਨ ਦੇ ਭੰਡਾਰ ਕਦੇ ਮੁਕਦੇ ਨਹੀਂ - 'ਖਾਤ ਖਰਚਤ ਬਿਲਛਤ ਰਹੇ ਟੂਟਿ ਨ ਜਾਹਿ ਭੰਡਾਰ।। **ਹਰਿ ਹਰਿ ਜਪਤ ਅਨੇਕ ਜਨ** ਨਾਨਕ ਨਾਹਿ ਸੁਮਾਰ।।', ਪੰਨਾ ੨੫੩.

ਮਹਾਰਾਜ ਦੇ ਬਚਨ ਹਨ, ਸਾਧੂ ਸੰਗਤਿ ਦੀ ਕਿਰਪਾ ਨਾਲ ਭਲੀ ਬਣ ਆਈ ਹੈ, ਜਿਸ ਕਰ ਕੇ ਉਸ ਧਨੀ ਅਕਾਲ ਪੁਰਖ ਦੇ ਮਿਲ ਜਾਣ ਨਾਲ ਉਸ ਦਾ ਸਾਰਾ ਖ਼ਜ਼ਾਨਾ ਵੀ ਮਿਲ ਗਿਆ ਹੈ ਜਿਥੇ ਸਭ ਕੁਝ ਹੈ ਅਤੇ ਪੂਰਨ ਹੈ, ਕਦੇ ਮੁਕਦਾ ਨਹੀਂ। ਕਿਰਪਾਲੂ ਸਾਧੂ ਨੇ ਮੇਰੇ ਹਿਰਦੇ ਵਿਚ ਨਾਮ ਦ੍ਰਿੜ ਕਰ ਦਿਤਾ ਹੈ, ਜਿਸ ਨਾਲ ਸਾਰੀ, ਮਾਇਕ ਭੋਗਾਂ ਦੀ ਭਿਆਨਕ ਭੁਖ, ਮਿਟ ਗਈ ਹੈ - 'ਸੰਤ ਪ੍ਰਸਾਦਿ ਭਲੀ ਬਨੀ।। ਜਾ ਕੈ ਗ੍ਰਿਹਿ ਸਭੁ ਕਿਛੁ ਹੈ ਪੂਰਨੁ।। ਸੋ ਭੇਟਿਆ ਨਿਰਭੈ ਧਨੀ।। ਨਾਮੁ ਦ੍ਰਿੜਾਇਆ ਸਾਧ ਕ੍ਰਿਪਾਲ।। ਮਿਟਿ ਗਈ ਭੂਖ ਮਹਾ ਬਿਕਰਾਲ।।', ਪੰਨਾ ੩੯੦. ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਮੈ ਰਾਮ ਦਾ ਨਾਮ ਰੂਪੀ ਰਤਨ, ਧਨ ਪਦਾਰਥ ਖਟ ਲਿਆ ਹੈ, ਹੁਣ ਇਸ ਨੂੰ ਖਾਂਦਿਆਂ, ਖਰਚਦਿਆਂ, ਇਹ ਘਟਣ ਨਹੀਂ ਲਗਿਆ - 'ਖਾਤ ਖਰਚਤ ਕਿਛੁ ਨਿਖੁਟਤ ਨਾਹੀ ਰਾਮ ਰਤਨੁ ਧਨੁ ਖਾਟਿਓ।।', ਪੰਨਾ ੭੧੪.

ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਨਾਮ ਦਾ ਖ਼ਜ਼ਾਨਾ ਇਕੱਠਾ ਕਰਨ ਵਾਲਿਆਂ ਨੂੰ ਕਰਤਾ, ਨੌਂ ਰੱਬੀ ਖ਼ਜ਼ਾਨੇ ਤੇ ਹੋਰ ਸਭ ਰਿਧੀਆਂ ਸਿਧੀਆਂ ਬਖ਼ਸ਼ ਦਿੰਦਾ ਹੈ, ਭਗਤ ਇਨ੍ਹਾਂ ਨੂੰ ਜਿਨਾਂ ਮਰਜ਼ੀ ਵਰਤੀ ਜਾਏ, ਕਦੇ ਤੋਟ ਹੀ ਨਹੀਂ ਆਉਂਦੀ। ਇਨ੍ਹਾਂ ਵਿਚੋਂ ਛਕਦੇ, ਖਰਚਦੇ, ਅਨੰਦ ਮਾਣਦੇ ਦੇ ਸੁਖ ਹੀ ਸੁਖ ਹੁੰਦਾ ਹੈ, ਕਰਤੇ ਦੀ ਦਾਤ ਘਟਦੀ ਨਹੀਂ, ਉਸ ਰਾਮ ਦੀ ਕਿਰਪਾ ਨਾਲ ਵਧਦੀ ਹੀ ਜਾਂਦੀ ਹੈ - 'ਨਵ ਨਿਧਿ ਸਿਧਿ ਰਿਧਿ ਦੀਨੇ ਕਰਤੇ ਤੋਟਿ ਨ ਆਵੈ ਕਾਈ ਰਾਮ।। ਖਾਤ ਖਰਚਤ ਬਿਲਛਤ ਸੁਖੁ ਪਾਇਆ ਕਰਤੇ ਕੀ ਦਾਤਿ ਸਵਾਈ ਰਾਮ।।', ਪੰਨਾ ੭੮੪. ਪੰਚਮ ਪਾਤਸ਼ਾਹ ਹੋਰ ਫ਼ੁਰਮਾਣ ਕਰਦੇ ਹਨ, ਭਗਤ ਜਨ, ਜੋ ਰਬੀ ਧਨ ਵਿਚ ਧਨਵੰਤ, ਧਨਾਢ ਹੁੰਦੇ ਹਨ, ਨਿਧੀਆਂ ਰਿਧੀਆਂ ਸਿਧੀਆਂ ਵੀ ਵੰਡਦੇ ਹਨ ਅਤੇ ਗੁਰੂ ਦਾ ਸ਼ਬਦ, ਭਾਵ, ਨਾਮ ਦਾ ਵੀ ਵਪਾਰ ਕਰਦੇ, ਭਾਵ, ਖਟਦੇ ਅਤੇ ਵੰਡਦੇ ਰਹਿੰਦੇ ਹਨ। ਇੰਝ ਨਾਮ ਧਨ ਵੀ ਅਤੇ ਰਿਧੀਆਂ ਸਿਧੀਆਂ ਨਿਧੀਆਂ ਦਾ ਵੀ, ਖਾਂਦਿਆ, ਖਰਚਦਿਆਂ ਭੰਡਾਰ ਘਟਦੇ ਨਹੀਂ, ਅਣਗਿਣਤ ਭੰਡਾਰ ਭਰੇ ਰਹਿੰਦੇ ਹਨ - 'ਧਨਵੰਤ ਨਾਮ ਕੇ ਵਣਜਾਰੇ।। ਸਾਂਝੀ ਕਰਹੁ ਨਾਮ ਧਨੁ ਖਾਟਹੁ ਗੁਰ ਕਾ ਸਬਦੁ ਵੀਚਾਰੇ।।..ਖਾਤ ਖਰਚਤ ਕਿਛੁ ਨਿਖੁਟਤ ਨਾਹੀ ਅਗਨਤ ਭਰੇ ਭੰਡਾਰੇ।।', ਪੰਨਾ ੧੨੨੦.

ਭਗਤ ਕਬੀਰ ਜੀ ਫ਼ੁਰਮਾਣ ਕਰਦੇ ਹਨ ਕਿ ਪਰਮੇਸ਼ਰ ਨਾਮ ਦੀ ਦਾਤ ਅਤੇ ਆਪਣੇ ਸਾਰੇ ਖ਼ਜ਼ਾਨਿਆਂ ਦੀ ਵਸਤ, ਆਪਣੇ ਭਗਤ ਨੂੰ ਬਖ਼ਸ਼ਦਾ ਹੈ ਪਰ ਨਾਲ ਇਹ ਵੀ ਬਚਨ ਕਰਦਾ ਹੈ ਕਿ ਇਸ ਦਾਤ ਨੂੰ ਸੰਭਾਲ ਕੇ ਰਖੋ, ਅਜਾਈਂ, ਗਲਤ ਥਾਂ ਤੇ ਨਾ ਵਰਤੋ। ਭਗਤ ਸੰਸਾਰ ਨੂੰ ਵੰਡਦਾ ਹੈ, ਉਸ ਨੂੰ ਪਤਾ ਹੁੰਦਾ ਹੈ, ਸਮਝ ਹੁੰਦੀ ਹੈ, ਇਸ ਲਈ ਉਹੀ ਪ੍ਰਾਪਤ ਕਰ ਸਕਦਾ ਹੈ, ਜਿਸ ਦੇ ਭਾਗਾਂ ਵਿਚ ਵਸਤ ਹੁੰਦੀ ਹੈ, ਕਿਉਂਕਿ ਭਗਤ ਅਨੁਸਾਰੀ ਹੋਣਾ ਪੈਂਦਾ ਹੈ - 'ਗੁਰਿ ਦੀਨੀ ਬਸਤੁ ਕਬੀਰ ਕਉ ਲੇਵਹੁ ਬਸਤੁ ਸਮੑਾਰਿ।। ਕਬੀਰਿ ਦੀਈ ਸੰਸਾਰ ਕਉ ਲੀਨੀ ਜਿਸੁ ਮਸਤਕਿ ਭਾਗੁ।।', ਪੰਨਾ ੯੭੦. ਹੋਰ ਸਪੱਸ਼ਟ ਕਰਦੇ ਹਨ ਕਿ ਹਰ ਕੋਈ ਇਸ ਵਸਤ ਦਾ ਗਾਹਕ ਨਹੀਂ ਹੁੰਦਾ, ਇਸ ਦੀ ਕਦਰ ਵੀ ਹਰ ਇਕ ਨੂੰ ਨਹੀਂ ਹੁੰਦੀ, ਨਾ ਹੀ ਇਸ ਦਾ ਕੋਈ ਮੁਲ ਚੁਕਾ ਸਕਦਾ ਹੈ, ਇਸ ਕਰ ਕੇ ਰਾਮ ਦੀ ਵਸਤ ਪ੍ਰਾਪਤ ਕਰ ਕੇ ਗਠ ਵਿਚ ਸਾਂਭ ਕੇ ਬੰਨ੍ਹ ਲੈਣੀ ਹੀ ਉਚਿਤ ਹੁੰਦੀ ਹੈ - 'ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲੑ।। ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ।।', ਪੰਨਾ ੧੩੬੫. ਇਸ ਦਾ ਮੁਲ ਹੈ ਮਨ। ਇਹ ਵਸਤ ਦੁਨਿਆਵੀ ਧਨ ਪਦਾਰਥ ਨਾਲ ਪ੍ਰਾਪਤ ਨਹੀਂ ਕੀਤੀ ਜਾ ਸਕਦੀ। ਹਰ ਕੋਈ ਮਨ ਸੌਂਪ ਨਹੀਂ ਸਕਦਾ - 'ਕੰਚਨ ਸਿਉ ਪਾਈਐ ਨਹੀ ਤੋਲਿ।। ਮਨੁ ਦੇ ਰਾਮੁ ਲੀਆ ਹੈ ਮੋਲਿ।।', ਪੰਨਾ ੩੨੭. ਸੰਤਾਂ, ਭਗਤਾਂ ਮਹਾਤਮਾਂ ਕੋਲ ਦੇਣ ਨੂੰ ਬਹੁਤ ਕੁਝ ਹੁੰਦਾ ਹੈ, ਉਹ ਦੇਣ ਨੂੰ ਉਤਾਵਲੇ ਵੀ ਹੁੰਦੇ ਹੈ ਪਰ ਲੈਣ ਲਈ ਰੇਂਜ ਵਿਚ ਆਉਣਾ ਪੈਂਦਾ ਹੈ। ਉਨ੍ਹਾਂ ਦੇ ਬਚਨ ਮੰਨਣੇ ਪੈਂਦੇ ਹਨ। ਸੰਤ ਜਨਾਂ ਤੋਂ ਬਿਨਾਂ ਰੱਬੀ ਪਦਾਰਥ ਦਾ ਹੋਰ ਕੋਈ ਦਾਤਾ ਹੀ ਨਹੀਂ। ਆਪਣੀ ਸੋਚ ਮੁਤਾਬਕ ਕੋਈ ਕਿਨਾਂ ਵੀ ਨਸ ਭਜ ਲਏ, ਪਾਣੀ ਤਾਂ ਪੁਲਾਂ ਦੇ ਥਲਿਓਂ ਹੀ ਲੰਘਣਾ ਹੈ - 'ਸੰਤਨ ਬਿਨੁ ਅਵਰੁ ਨ ਦਾਤਾ ਬੀਆ।। ਜੋ ਜੋ ਸਰਣਿ ਪਰੈ ਸਾਧੂ ਕੀ ਸੋ ਪਾਰਗਰਾਮੀ ਕੀਆ।।', ਪੰਨਾ ੬੧੦. ਨੋਟ ਕਰਨ ਵਾਲੀ ਗਲ ਹੈ ਕਿ ਸ਼ਬਦ 'ਸੰਤਨ' ਬਹੁਵਚਨ ਹੈ, ਭਾਵ, ਸੰਤ ਸਿਰਫ਼ ਇਕ ਨਹੀਂ ਬਹੁਤ ਸਾਰੇ ਹੋ ਸਕਦੇ ਹਨ ਅਤੇ ਹਮੇਸ਼ਾਂ ਹੁੰਦੇ ਵੀ ਹਨ।

**ਜਾ ਕਾ ਧਨੀ ਅਗਮ ਗੁਸਾਈ ॥**

**ਮਾਨੁਖ ਕੀ ਕਹੁ ਕੇਤ ਚਲਾਈ ॥੨॥**

-- ਉਹ ਧਨਵਾਨ ਪ੍ਰਭੂ/ਗੁਰੂ, ਜੋ ਅਪਹੁੰਚ ਹੈ, ਜਿਸ ਭਗਤ ਦਾ ਖਸਮ ਬਣ ਜਾਂਦਾ ਹੈ

-- ਉਸ ਉਤੇ, ਕਿਸੇ ਹੋਰ ਮਨੁਖ ਆਦਿ ਦਾ ਕੋਈ ਵੀ ਜ਼ੋਰ ਨਹੀਂ ਚਲ ਸਕਦਾ।੨।

ਅਜਿਹੇ ਭਗਤ ਸਰਵ ਸ਼ਕਤੀਮਾਨ ਪ੍ਰਭੂ/ਗੁਰੂ ਦੀ ਛਤਰ ਛਾਇਆ ਥਲੇ ਸਰਵ

ਸ਼ਕਤੀਮਾਨ ਹੀ ਹੋ ਨਿਬੜਦੇ ਹਨ। ਇਸ ਲਈ ਉਹ ਵੀ ਬੇਪਰਵਾਹ ਹੁੰਦੇ ਹਨ। ਇਸ ਪ੍ਰਥਾਇੰ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦਾ ਫ਼ੁਰਮਾਣ ਵੀ ਹੈ ਕਿ ਜਿਸ ਭਗਤ ਦਾ ਕਿਹਾ, ਬਚਨ, ਪ੍ਰਭੂ/ਗੁਰੂ ਦੀ ਦਰਗਾਹ ਵਿਚ ਚਲਦਾ ਹੈ ਉਹ ਕਿਸੇ ਨੂੰ ਅਖ ਥਲੇ ਨਹੀਂ ਬਿਠਾਂਦਾ, ਕਿਸੇ ਦੀ ਪਰਵਾਹ ਨਹੀਂ ਕਰਦਾ, ਭਾਵੇਂ ਹਾਕਮ ਵੀ ਆ ਜਾਵੇ - 'ਜਾ ਕਾ ਕਹਿਆ  ਦਰਗਹ ਚਲੈ।। ਸੋ  ਕਿਸ ਕਉ ਨਦਰਿ ਲੈ ਆਵੈ ਤਲੈ।।', ਪੰਨਾ ੧੮੬. ਜਿਸ ਦੀ ਪਤ, ਜਾਂ ਜਿਸਦਾ ਬਚਨ, ਉਹ ਸ਼ਹਿਨਸ਼ਾਹ, ਪ੍ਰਭੂ/ਗੁਰੂ ਰਖਦਾ ਹੈ ਉਸ ਨੂੰ ਕਿਸੇ ਦੀ ਕਾਣ, ਮੁਥਾਜਗੀ ਨਹੀਂ ਰਹਿੰਦੀ, ਉਹ ਕਿਸੇ ਦੀ 'ਓਇ' ਨਹੀਂ ਸੁਣਦਾ ਮੰਨਦਾ - 'ਤੇਰੇ ਦਾਸਰੇ ਕਉ  ਕਿਸ ਕੀ ਕਾਣਿ।। ਜਿਸ ਕੀ  ਮੀਰਾ ਰਾਖੈ ਆਣਿ।।', ਪੰਨਾ ੩੭੬.

ਸ੍ਰੀ ਗੁਰੂ ਨਾਨਕ ਸਾਹਿਬ ਦੇ ਬਚਨ ਹਨ ਕਿ ਜਿਨ੍ਹਾਂ ਦਾ ਰੱਬ ਨਾਲ ਪਕਾ ਪ੍ਰੇਮ ਲਗਿਆ ਹੁੰਦਾ ਹੈ ਅਤੇ ਹਰ ਵੇਲੇ ਉਸ ਦੇ ਦਰਸ਼ਨਾਂ ਦੀ ਤਾਂਘ ਰਹਿੰਦੀ ਹੈ, ਉਹ ਰਬੀ ਰੰਗ ਵਿਚ ਕਦੇ ਹਸਦੇ ਹਨ ਕਦੇ ਰੋਂਦੇ ਦਿਸਦੇ ਹਨ। ਅਸਲ ਵਿਚ ਉਹ ਰੱਬੀ ਰੰਗ ਵਿਚ ਰੰਗੇ ਰਹਿੰਦੇ ਹਨ। ਨਾ ਹੀ ਉਹ ਇਕ ਰੱਬ ਤੋਂ ਛੁਟ, ਕਿਸੇ ਦੀ ਪਰਵਾਹ ਹੀ ਕਰਦੇ ਹਨ - 'ਤਿਨ੍ ਨੇਹੁ ਲਗਾ ਰਬ ਸੇਤੀ  ਦੇਖਨ੍ੇ ਵੀਚਾਰਿ।। ਰੰਗਿ ਹਸਹਿ  ਰੰਗਿ ਰੋਵਹਿ  ਚੁਪ ਭੀ ਕਰਿ ਜਾਹਿ।। ਪਰਵਾਹ ਨਾਹੀ ਕਿਸੈ ਕੇਰੀ  ਬਾਝੁ ਸਚੇ ਨਾਹ।।', ਪੰਨਾ ੪੭੩. ਭਗਤ ਭਾਵੇਂ ਟੁਟੀ ਝੁਗੀ ਵਿਚ ਵਸਦਾ ਹੋਵੇ, ਕਪੜੇ ਪਾਟੇ ਹੋਣ, ਕੋਈ ਜਾਤ ਨਾ ਹੋਵੇ, ਕੋਈ ਆਦਰ ਕਰਣ ਵਾਲਾ ਵੀ ਨਾ ਦਿਸੇ, ਵੇਖਣ ਨੂੰ ਭਟਕਦਾ ਫ਼ਿਰਦਾ ਹੋਵੇ ਪਰ ਜਿਸ ਦੇ ਹਿਰਦੇ ਵਿਚ ਨਾਮ ਵਸਿਆ ਹੁੰਦਾ ਹੈ ਉਹ ਸਾਰੀ ਸ੍ਰਿਸ਼ਟੀ ਦਾ ਰਾਜਾ ਹੁੰਦਾ ਹੈ ਅਤੇ ਅਜਿਹੇ ਭਗਤ ਦੇ ਚਰਨਾਂ ਦੀ ਧੂੜ ਨਾਲ ਹੀ ਮਨੁਖ ਦਾ ਉਧਾਰ ਹੋ ਜਾਂਦਾ ਹੈ ਅਤੇ ਪ੍ਰਭੂ ਪ੍ਰਸੰਨ ਹੋ ਜਾਂਦਾ ਹੈ - 'ਬਸਤਾ ਤੂਟੀ ਝੁੰਪੜੀ  ਚੀਰ ਸਭਿ ਛਿੰਨਾ।।.... ਰਾਜਾ ਸਗਲੀ ਸ੍ਰਿਸਟਿ ਕਾ  ਹਰਿ ਨਾਮੁ ਮਨੁ ਭਿੰਨਾ।। ਤਿਸ ਕੀ ਧੂੜਿ ਮਨੁ ਉਧਰੈ  ਪ੍ਰਭੁ ਹੋਇ ਸੁਪ੍ਰਸੰਨਾ।।', ਪੰਨਾ ੭੦੭.

**ਜਾ ਕੀ ਸੇਵਾ  ਦਸ ਅਸਟ ਸਿਧਾਈ ॥**

**ਪਲਕ ਦਿਸਟਿ  ਤਾ ਕੀ ਲਾਗਹੁ ਪਾਈ ॥੩॥**

-- ਅਜਿਹੇ ਭਗਤ, ਸੰਤ, ਸਾਧੂ, ਜਿਨ੍ਹਾਂ ਦੀ ਸੇਵਾ ਵਿਚ ਅਠਾਰਹਾਂ ਸਿਧੀਆਂ ਆਦਿ, ਸਦਾ ਹੀ ਹਾਜ਼ਰ ਰਹਿੰਦੀਆਂ ਹਨ,

-- ਇਕ ਪਲ ਮਾਤਰ ਦੇ ਸਮੇਂ ਜਿਤਨੀ ਹੀ ਉਨ੍ਹਾਂ ਦੀ ਦ੍ਰਿਸ਼ਟੀ ਅਤੇ ਉਨ੍ਹਾਂ ਦੇ ਚਰਨਾਂ ਵਿਚ ਲਗਣ ਦੀ ਸੰਗਤਿ ਵੀ ਬੇੜਾ ਪਾਰ ਕਰਨ ਵਿਚ ਸਹਾਈ ਹੋ ਜਾਂਦੀ ਹੈ।੩।

ਪੰਜਵੇਂ ਪਾਤਸ਼ਾਹ ਦੇ ਬਚਨ ਹਨ ਕਿ ਜੋ ਹਰੀ ਦੇ ਜਨ ਸਦਾ 'ਰਾਮ ਰਾਮ

ਰਾਮ...', ਭਾਵ, **ਵਾਹਿਗੁਰੂ ਵਾਹਿਗੁਰੂ ਵਾਹਿਗੁਰੂ**... ਧਿਆਉਂਦੇ ਹੀ ਰਹਿੰਦੇ ਹਨ, ਉਨ੍ਹਾਂ ਦੀ ਇਕ ਪਲਕ ਝਪਕਣ ਦੇ ਸਮੇਂ ਜਿਤਨੀ ਸੰਗਤਿ ਨਾਲ ਮਨੁਖ ਕ੍ਰੋੜਾਂ ਬੈਕੁੰਠ ਹਾਸਲ ਕਰ ਲੈਂਦਾ ਹੈ - 'ਹਰਿ ਜਨ ਰਾਮ ਰਾਮ ਰਾਮ ਧਿਆਂਏ।। ਏਕ ਪਲਕ ਸੁਖ ਸਾਧ ਸਮਾਗਮ ਕੋਟਿ ਬੈਕੁੰਠਹ ਪਾਂਏ।।', ਪੰਨਾ ੧੨੦੯. ਸ੍ਰੀ ਗੁਰੂ ਨਾਨਕ ਸਾਹਿਬ ਦੇ ਇਕ ਉਂਗਲ ਦੇ ਇਸ਼ਾਰਾ ਕਰਨ ਮਾਤਰ ਨਾਲ ਇਕ ਪਾਪੀ ਮਨੁਖ ਦੀ ਜੀਵ ਆਤਮਾ ਨੂੰ ਲੈਣ ਆਏ ਜਮ ਦੇ ਦੂਤਾਂ ਨੂੰ ਗੁਰੂ ਦੇ ਦੂਤਾਂ ਨੇ ਭਜਾ ਦਿਤਾ ਸੀ ਤੇ ਆਪਣੇ ਨਾਲ ਗੁਰੂ ਦੇ ਧਾਮ ਲੈ ਗਏ ਸਨ, ਹਾਲਾਂਕਿ ਗੁਰੂ ਸਾਹਿਬ ਨੇ ਭਾਈ ਮਰਦਾਨਾ ਜੀ ਨੂੰ ਉਸ ਮਨੁਖ ਦੀ ਚਿਖਾ ਵਿਚੋਂ ਅਗ ਲੈ ਲੈਣ ਲਈ ਇਸ਼ਾਰਾ ਕੀਤਾ ਸੀ।

ਪਕੇ ਤੌਰ ਤੇ ਜਨਮ ਮਰਨ ਤੋਂ ਰਹਿਤ ਹੋਣ ਲਈ ਜ਼ਰੂਰ ਜ਼ਿਆਦਾ ਸੰਗਤਿ ਤੇ ਕਿਰਪਾ ਦੀ ਲੋੜ ਹੈ। ਵਡੀ ਪ੍ਰਾਪਤੀ ਲਈ ਤਾਂ ਇੰਞ ਹੈ, ਉਸ ਪ੍ਰਭੂ/ਗੁਰੂ ਨੂੰ ਜੋ ਭਾਅ ਜਾਂਦਾ ਹੈ, ਉਸ ਨੂੰ ਪ੍ਰੇਮ ਕਰ ਕੇ ਉਹ ਆਪਣਾ ਬਣਾ ਲਵੇ, ਅਜਿਹੇ ਪ੍ਰਭੂ ਨੂੰ ਇਕ ਅਖ ਝਪਕਣ ਜਿਤਨੇ ਸਮੇਂ ਲਈ ਵੀ ਵਿਸਾਰਨਾ ਨਹੀਂ ਚਾਹੀਦਾ- 'ਕਰਿ ਪ੍ਰੇਮੁ ਰਾਵਹ ਤਿਸੈ ਭਾਵਹ ਇਕ ਨਿਮਖ ਪਲਕ ਨ ਤਿਆਗੀਐ।।', ਪੰਨਾ ੮੪੬.

ਅਠਾਰਹਾਂ ਸਿਧੀਆਂ ਆਦਿ ਦੀ ਪ੍ਰਾਪਤੀ, ਭਾਵੇਂ ਭਗਤ ਦਾ ਲਖ਼ਸ਼ ਨਹੀਂ ਹੁੰਦਾ ਪਰ ਜਿਸ ਤੇ ਪ੍ਰਭੂ ਦੀ ਕਿਰਪਾ ਹੋ ਜਾਂਦੀ ਹੈ, ਉਹ ਸਦਾ ਉਸ ਪ੍ਰਭੂ ਨੂੰ ਹਿਰਦੇ ਵਿਚ ਵਸਾਈ ਰਖਦਾ ਹੈ, ਉਸ ਦੇ ਮਗਰ ਇਹ ਸਾਰੀਆਂ ਰਬੀ ਸੁਗਾਤਾਂ ਆਪ ਮੁਹਾਰੀਆਂ ਆ ਜਾਂਦੀਆਂ ਹਨ, ਜਿਵੇਂ, ਸ੍ਰੀ ਗੁਰੂ ਅਮਰਦਾਸ ਸਾਹਿਬ ਦਾ ਫ਼ੁਰਮਾਣ ਹੈ - 'ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ ਜੋ ਹਰਿ ਹਿਰਦੈ ਸਦਾ ਵਸਾਇ।।', ਪੰਨਾ ੬੪੯. ਇਹ ਕੰਮ ਐਵੇਂ ਨਹੀਂ ਹੋ ਜਾਂਦਾ। ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦਾ ਇਸ ਸ਼ਬਦ ਦੇ ਇਸ ਤੀਜੇ ਪਦੇ ਵਿਚ ਇਹ ਫ਼ੁਰਮਾਣ ਇਹ ਸੰਕੇਤ ਕਰਦਾ ਹੈ ਕਿ ਅਜਿਹੇ ਭਗਤ ਦੀ ਥੋੜੀ ਜਿਹੀ ਸੰਗਤ ਵੀ ਬਹੁਤ ਲਾਭਕਾਰੀ ਹੁੰਦੀ ਹੈ। ਭਗਤ ਕਬੀਰ ਜੀ ਵੀ ਤਾਂ ਇਸੇ ਕਰ ਕੇ ਹੀ ਫ਼ੁਰਮਾਣ ਕਰਦੇ ਹਨ ਕਿ ਇਕ ਘੜੀ ਜਿਨਾਂ ਸਮਾਂ, ਅਧੀ ਘੜੀ ਜਿਨਾਂ ਸਮਾਂ ਤੇ ਉਸ ਤੋਂ ਵੀ ਅਧਾ, ਭਗਤ ਜਨਾਂ ਦੀ ਸੰਗਤਿ, ਉਨ੍ਹਾਂ ਨਾਲ ਬਚਨ-ਬਿਲਾਸ ਅਤਿਅੰਤ ਲਾਭਕਾਰੀ ਹੁੰਦੇ ਹਨ - '**ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ।। ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ।।**', ਪੰਨਾ ੧੩੭੭. ਸੋ ਭਗਤਾਂ ਦੀ ਸੰਗਤਿ ਦੀ ਤੁਲਨਾ ਕਿਸੇ ਵੀ ਹੋਰ ਉਘੀ ਸੰਸਾਰਕ ਹਸਤੀ ਦੀ ਸੰਗਤ ਨਾਲ ਕਰਨੀ ਘੋਰ ਪਾਪ/ਅਪਰਾਧ ਹੈ। ਭਗਤਾਂ ਦੀ ਸੰਗਤਿ ਕੀਤੇ ਬਿਨਾਂ ਜਿਤਨਾ ਮਰਜ਼ੀ ਪ੍ਰਭੂ ਦੇ ਦਰਸ਼ਨਾਂ ਦੇ ਹੀਲੇ ਵਸੀਲੇ ਤਰਲੇ ਕਰੀਏ, ਸਭ ਵਿਅਰਥ ਹਨ - '**ਢੂੰਢਤ ਡੋਲਹਿ ਅੰਧ ਗਤਿ ਅਰੁ ਚੀਨਤ ਨਾਹੀ ਸੰਤ।।**

ਕਹਿ ਨਾਮਾ ਕਿਉ ਪਾਈਐ ਬਿਨੁ ਭਗਤਹੁ ਭਗਵੰਤੁ।।', ਪੰਨਾ ੧੩੭੭. ਇਸ ਕਰ ਕੇ, ਸ੍ਰੀ ਗੁਰੂ ਅਮਰਦਾਸ ਸਾਹਿਬ ਦੇ ਬਚਨਾਂ ਅਨੁਸਾਰ, ਜਿਨ੍ਹਾਂ ਸਖੀਆਂ, ਗੁਰਸਿਖਾਂ ਨੇ ਕੰਤ ਪ੍ਰਭੂ ਨੂੰ ਪਛਾਣ ਲਿਆ ਹੈ, ਤੁਰੰਤ ਉਨ੍ਹਾਂ ਦੇ ਚਰਨਾਂ ਨਾਲ ਲਗ ਜਾਈਏ - 'ਜਿਨੀ ਸਖੀ ਕੰਤੁ ਪਛਾਣਿਆ ਹਉ ਤਿਨ ਕੈ ਲਾਗਉ ਪਾਇ।।', ਪੰਨਾ ੩੭. ਪੰਚਮ ਪਾਤਸ਼ਾਹ ਦਾ ਫ਼ੁਰਮਾਣ ਹੈ, ਕਿਉਂਕਿ ਗੁਰੂ, ਭਾਲ ਭਾਲ ਕੇ ਕਿਸੇ ਨੂੰ ਗੁਰਸਿਖ ਬਣਾਉਂਦਾ ਹੈ, ਇਸ ਕਰ ਕੇ ਅਜਿਹਾ ਭਗਤ ਜੇ ਮਿਲ ਪਏ ਉਸ ਦੇ ਚਰਨ ਧੋਈਏ, ਪਖਾ ਫ਼ੇਰਨ ਆਦਿ ਦੀ ਨਿਜੀ ਸੇਵਾ ਵੀ ਕਰੀਏ ਤੇ ਝੁਕ ਝੁਕ ਕੇ ਮਥਾ ਵੀ ਟੇਕੀਏ - 'ਮੈ ਬਧੀ ਸਚੁ ਧਰਮਸਾਲ ਹੈ।। ਗੁਰਸਿਖਾ ਲਹਦਾ ਭਾਲਿ ਕੈ।। ਪੈਰ ਧੋਵਾ ਪਖਾ ਫੇਰਦਾ ਤਿਸੁ ਨਿਵਿ ਨਿਵਿ ਲਾਗਾ ਪਾਇ ਜੀਉ।।', ਪੰਨਾ ੭੩. ਅਜਿਹੇ ਸੰਤ ਜਨ ਪ੍ਰਭੂ ਪ੍ਰੇਮ ਵਧਾਉਣ ਵਿਚ ਸਹਾਈ ਹੁੰਦੇ ਹਨ, ਇਸ ਲਈ ਉਨ੍ਹਾਂ ਦੇ ਚਰਨਾਂ ਵਿਚ ਢਹਿ ਪਈਏ - 'ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ।।', ਪੰਨਾ ੧੩੫. ਇਥੇ 'ਸੰਤ' ਸ਼ਬਦ ਬਹੁਵਚਨ ਹੈ, ਭਾਵ, ਸੰਤ ਕਈ ਹੋ ਸਕਦੇ ਹਨ। ਹੋਰ, ਪ੍ਰਮਾਣ ਬੇਅੰਤ ਹਨ, ਸਾਰੇ ਦਿਤੇ ਜਾਣ ਨਾਲ ਵਿਆਖਿਆ ਲੰਮੇਰੀ ਹੋ ਜਾਏਗੀ।

ਜਾ ਕਉ ਦਇਆ ਕਰਹੁ ਮੇਰੇ ਸੁਆਮੀ ॥

ਕਹੁ ਨਾਨਕ ਨਾਹੀ ਤਿਨ ਕਾਮੀ ॥੪॥੨੮॥੭੯॥

-- ਪੰਜਵੇਂ ਨਾਨਕ ਫ਼ੁਰਮਾਣ ਕਰਦੇ ਹਨ ਕਿ ਜਿਸ ਜਨ ਤੇ ਮੇਰਾ ਮਾਲਕ ਪ੍ਰਭੂ ਦਇਆ ਕਰ ਕੇ ਮਿਹਰ ਕਰ ਦਿੰਦਾ ਹੈ

-- ਉਸ ਭਗਤ ਜਨ ਨੂੰ ਕਿਸੇ ਤਰ੍ਹਾਂ ਦੀ ਕੋਈ ਕਮੀ ਨਹੀਂ ਰਹਿ ਜਾਂਦੀ।

ਜੋ ਜਨ ਪ੍ਰਭੂ ਨੂੰ ਭਾਅ ਜਾਂਦਾ ਹੈ ਉਹੀ ਭਗਤ ਜਾਂ ਸੰਤ ਹੁੰਦਾ ਹੈ। ਉਸ ਦੇ ਤੇ ਵਾਹਗੁਰੂ ਦੇ ਸਮਾਨ ਕੰਮ ਹੁੰਦੇ ਹਨ, ਕਿਉਂਕਿ ਹਰੀ ਤੇ ਹਰੀ ਦੇ ਜਨ ਵਿਚ ਕੋਈ ਭੇਦ, ਫ਼ਰਕ ਨਹੀਂ ਹੁੰਦਾ। ਪਾਤਸ਼ਾਹ ਦਾ ਫ਼ੁਰਮਾਣ ਹੈ - 'ਸੋਈ ਸੰਤੁ ਜਿ ਭਾਵੈ ਰਾਮ।। ਸੰਤ ਗੋਬਿੰਦ ਕੈ ਏਕੈ ਕਾਮ।।', ਪੰਨਾ ੮੬੭. ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਫ਼ੁਰਮਾਣ ਹੈ ਕਿ ਜੋ ਰਾਤ ਦਿਨ ਸਿਮਰਣ ਕਰਦਾ ਹੈ ਉਸ ਨੂੰ ਰਾਮ ਪ੍ਰਭੂ ਦਾ ਰੂਪ ਜਾਣੋ। ਹੋਰ ਕੋਈ ਰਾਤ ਦਿਨ ਸਿਮਰਨ ਕਰ ਹੀ ਨਹੀਂ ਸਕਦਾ। ਹਰੀ ਤੇ ਹਰੀ ਦਾ ਜਨ ਇਕ ਹੀ ਹੁੰਦੇ ਹਨ, ਕੋਈ ਅੰਤਰ, ਫ਼ਰਕ ਨਹੀਂ ਹੁੰਦਾ, ਇਹ ਸਚ ਕਰ ਕੇ ਜਾਣੋ - 'ਜੋ ਪ੍ਰਾਨੀ ਨਿਸਿ ਦਿਨੁ ਭਜੈ ਰੂਪ ਰਾਮ ਤਿਹ ਜਾਨੁ।। ਹਰਿ ਜਨ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ।।' ਸ੍ਰੀ ਗੁਰੂ ਅਰਜਨ ਦੇਵ ਸਾਹਿਬ ਹੋਰ ਫ਼ੁਰਮਾਣ ਕਰਦੇ ਹਨ ਕਿ ਜਿਸ ਜਨ ਦਾ ਉਹ ਉਪਕਾਰੀ ਸਾਜਨ ਪਿਆਰਾ, ਮਿਤਰ ਬਣ ਜਾਵੇ, ਉਸ ਜਨ ਨੂੰ, ਦਸੋ, ਕਿਸ

ਤਰ੍ਹਾਂ ਦੀ ਕਮੀ ਹੋ ਸਕਦੀ ਹੈ ! ਭਾਵ, ਕਿਸੇ ਗਲ ਦੀ ਕਮੀ ਨਹੀਂ ਰਹਿੰਦੀ - 'ਜਾ ਕਾ ਮੀਤੁ ਸਾਜਨੁ ਹੈ ਸਮੀਆ।। ਤਿਸੁ ਜਨ ਕਉ ਕਹੁ ਕਾ ਕੀ ਕਮੀਆ।।', ਪੰਨਾ ੧੮੬. ਭਗਤ ਕਬੀਰ ਜੀ ਵੀ ਸਪੱਸ਼ਟ ਫ਼ੁਰਮਾਣ ਕਰਦੇ ਹਨ ਕਿ ਉਹ ਸਮਰੱਥ ਪ੍ਰਭੂ/ਗੁਰ ਜੋਤ, ਚਾਰੇ ਪਦਾਰਥ, ਧਰਮ ਅਰਥ ਕਾਮ ਮੋਖ਼ਸ਼, ਦਿੰਦਿਆ, ਰਤਾ ਜਿਨੀ ਢਿਲ ਨਹੀਂ ਕਰਦਾ ਅਤੇ ਭਗਤ ਜੈਦੇਵ ਤੇ, ਨਾਮਦੇਵ ਜੀ ਤੇ ਅਤੇ ਬ੍ਰਾਹਮਣ ਸੁਦਾਮਾ ਜੀ ਤੇ ਬੇਅੰਤ ਕ੍ਰਿਪਾ ਕੀਤੀ ਅਤੇ ਚਾਰੇ ਪਦਾਰਥ ਸੌਂਪ ਦਿਤੇ - 'ਜੈਦੇਉ ਨਾਮਾ ਬਿਪ ਸੁਦਾਮਾ ਤਿਨ ਕਉ ਕ੍ਰਿਪਾ ਭਈ ਹੈ ਅਪਾਰ।। ਕਹਿ ਕਬੀਰ ਤੁਮ ਸੰਮ੍ਰਥ ਦਾਤੇ ਚਾਰਿ ਪਦਾਰਥ ਦੇਤ ਨ ਬਾਰ।।', ਪੰਨਾ ੮੫੬.

